# ਆਤਮਾ ਵਿਚ ਦੁਆ ਕਰਨਾ

## ਅਫ਼ਸੀਆਂ 6:18; ਯਹੂਦਾ 20

*ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ (ਅਫ਼ਸੀਆਂ 6: 18)।*

ਪਰ ਤੁਸੀਂ ਹੇ ਪਿਆਰਿਓ, ਆਪਣੇ ਆਪ ਨੂੰ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਜਾਓ ਅਤੇ ਪਵਿੱਤਰ ਆਤਮਾ ਵਿਚ ਪ੍ਰਾਰਥਨਾ ਕਰਦੇ ਹੋਏ (ਯਹੂਦਾ 20)।

ਇਸ ਤਰ੍ਹਾਂ ਆਤਮਾ ਵੀ ਸਾਡੀ ਦੁਰਬਲਤਾਈ ਵਿਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤੂ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਉਕੇ ਭਰ ਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ (ਰੋਮੀਆਂ 8:26)।

ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? (1 ਕੁਰਿੰਥੀਆਂ 6: 19)।

ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ। ਅਰਥਾਤ ਸਚਿਆਈ ਦਾ ਆਤਮਾ ਜਿਹ ਨੂੰ ਜਗਤ ਨਹੀਂ ਪਾ ਸਕਦਾ ਕਿਉਂ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿਚ ਹੋਵੇਗਾ (ਯੂਹੰਨਾ 14: 16, 17)।

ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂਕਿ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ। ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲਵੇਗਾ ਅਤੇ ਤੁਹਾਨੂੰ ਦੱਸੇਗਾ (ਯੂਹੰਨਾ 16: 13, 14)।

ਦੋ ਬੁਨਿਆਦੀ ਗੱਲਾਂ ਕਲੀਸੀਆ ਅਤੇ ਦੁਨੀਆਂ ਦੋਹਾਂ ਨੂੰ ਤਬਾਹ ਕਰ ਦਿੰਦੀਆਂ ਹਨ: ਬਾਈਬਲ ਦੀ ਅਗਿਆਨਤਾ ਅਤੇ ਰੂਹਾਨੀਅਤ ਵਿਚ ਸਿਆਣੇ ਨਾ ਹੋਣਾ। ਬਾਈਬਲ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ, ਜਦਕਿ ਸਿਆਣੇ ਹੋਣਾ ਹੁਕਮ ਹੈ। ਇਕ ਪਵੱਤਰ ਆਤਮਾ ਹੈ। ਉਹ ਕੋਈ ''ਵਸਤੂ'' ਜਾਂ ''ਭੂਤ'' ਨਹੀਂ ਹੈ। ਉਹ ਖ਼ੁਦਾਈ ਦਾ ਤੀਜਾ ਸ਼ਖ਼ਸ ਹੈ। ਮਸੀਹੀ ਲੋਕ ''ਆਤਮਾ ਵਿਚ'' ਕਰਦੇ ਰਹਿੰਦੇ ਹਨ। ਮਸੀਹੀ ਲੋਕ ''ਆਤਮਾ ਵਿਚ'' ਦੁਆ ਕਰਦੇ ਹਨ। ਇਸ ਵਿਚ ਸਾਡਾ ਮਨ ਅਤੇ ਅਭਿਆਸ ਹੋਣਾ ਜ਼ਰੂਰੀ ਹੈ। ਪਵਿੱਤਰ ਆਤਮਾ ਨੂੰ ਨਜ਼ਰਅੰਦਾਜ਼, ਅਣਗੌਲਿਆਂ ਜਾਂ ਦੁਰਵਰਤੋਂ ਨਹੀਂ ਹੋਣਾ ਚਾਹੀਦਾ। ਪਵਿੱਤਰ ਆਤਮਾ ਨਾ ਤਾਂ ''ਲਾਸ਼ ਵਾਂਗ ਮੁਰਦਾ'' ਹੈ ਅਤੇ ਨਾ ਹੀ ''ਸੇਂਟ ਵਾਈਟਸ ਡਾਂਸ'' ਦੇ ਵਾਂਗ ਸਨਕੀ। ਸਾਨੂੰ ਇਸ ਸੱਚਾਈ ਦਾ ਗੰਭੀਰਤਾ ਨਾਲ ਅਧਿਐਨ ਕਰਨ ਲਈ ਸਮਰਪਿਤ ਹੋਣਾ ਚਾਹੀਦਾ ਹੈ।

## ਗਲਤਫ਼ਹਿਮੀਆਂ

ਅੱਜ ਆਤਮਾ ਨਾਲ ਕਈ ਗ਼ਲਤਫ਼ਹਿਮੀਆਂ ਪਾਈਆਂ ਜਾਂਦੀਆਂ ਹਨ।

(1) *ਬਨਾਵਟੀ ਰੂਹਾਨੀਅਤ।* ਰੂਹਾਨੀਅਤ ਬਦਲਾ ਲੈਣ ਵਾਸਤੇ ਮੁੜ ਆਈ ਹੈ। ਧਰਮ ਹੈ ਤਾਂ ਸਹੀ, ਪਰ ਕੀ ਇਹ ਬਾਈਬਲ ਦੇ ਮੁਤਾਬਕ ਹੈ? ਰੂਹਾਨੀਅਤ ਦੀ ਨਕਲ ਬੜੀ ਅਸਾਨੀ ਨਾਲ ਬਣ ਜਾਂਦੀ ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਅਸਾਨੀ ਨਾਲ ਬੇਵਕੂਫ਼ ਬਣ ਜਾਂਦੇ ਹਨ। ਮੱਤੀ 6 ਅਧਿਆਇ ਵਿਚ ਯਿਸੂ ਨੇ ਵਿਅੰਗ ਭਰੇ ਤਰੀਕੇ ਨਾਲ ਇਹੀ ਦੱਸਿਆ ਹੈ। ਲੋਕ ਵਿਖਾਵੇ ਲਈ ਢੰਡੋਰਾ ਪਿਟਵਾ ਕੇ ਦਾਨ ਕਰਦੇ ਹਨ। ਉਹ ਭੀੜ ਵਿਚ ਲੰਮੀਆਂ ਲੰਮੀਆਂ ਅਤੇ ਉੱਚੀ ਉੱਚੀ ਦੁਆਵਾਂ ਕਰਦੇ ਸਨ। ਆਪਣੇ ਰੋਜ਼ਿਆਂ ਦੀ ਗੱਲ ਦੂਜਿਆਂ ਨੂੰ ਦੱਸਣ ਲਈ ਉਹ ਮੂੰਹ ਬਣਾ ਲੈਂਦੇ ਸਨ। ਕਿੰਨੀ ਬੇਵਕੂਫ਼ੀ ਹੈ। ਇਸ ਦੇ ਬਾਜਵੂਦ ਉਹ ਲੋਕਾਂ ਵਿਚ ਸਫ਼ਲ ਹੋ ਜਾਂਦੇ ਸਨ। ਯਿਸੂ ਨੇ ਕਿਹਾ ''ਉਹ ਆਪਣਾ ਫ਼ਲ ਪਾ ਚੁੱਕੇ ਹਨ।''

ਯਕੀਨਨ ਹੀ ਰੂਹਾਨੀਅਤ ਦਾ ਸਬੰਧ ਪਵਿੱਤਰ ਆਤਮਾ ਦੇ ਨਾਲ ਹੀ ਹੈ। ਬਿਨਾਂ ਆਤਮਾ ਦੇ ਕੋਈ ਰੂਹਾਨੀ ਨਹੀਂ ਹੋ ਸਕਦਾ। ਬੇਬਸ ਆਦਮੀ ਹੀ ਰੂਹਾਨੀਅਤ ਨੂੰ ਪਾ ਸਕਦਾ ਹੈ। ਰੂਹਾਨੀਅਤ ਦਾ ਸਾਰ ਖ਼ੁਦਾ ਤੇ ਨਿਰਭਰ ਹੋਣਾ ਹੈ। ਇਤਰਾਓ ਨਾ, ਤਾਂ ਮਸੀਹੀਅਤ ਬੇਹੱਦ ਨਿਰਾਲੀ ਹੈ।

(2) *ਬਨਾਵਟੀ ਪਵਿੱਤਰ ਆਤਮਾ।* ਜੋ ਲੋਕ ਪਵਿੱਤਰ ਆਤਮਾ ਦੀ ਗੱਲ ਕਰਦੇ ਹਨ, ਬਾਈਬਲ ਦੇ ਮੁਤਾਬਕ ਉਹ ਅਕਸਰ ਅਗਿਆਨੀ ਅਤੇ ਵਿਅਰਥ ਗੱਲ ਬੋਲਣ ਵਾਲੇ ਹੁੰਦੇ ਹਨ। ਪਵਿੱਤਰ ਆਤਮਾ ਵਚਨ ਦੇ ਅਨੁਸਾਰ ਅਤੇ ਵਿਵੇਕੀ ਹੈ। ਉਸਨੂੰ ''ਬਕਵਾਸ'' ਨਹੀਂ ਬਣਾਇਆ ਜਾਣਾ ਚਾਹੀਦਾ। ਕਿਸੇ ਵੀ ਮਨੁੱਖ ਤੋਂ ਜਿਹੜਾ ਪਵਿੱਤਰ ਆਤਮਾ ਦੀਆਂ ਹੀ ਗੱਲਾਂ ਕਰਦਾ ਹੈ, ਸਾਵਧਾਨ ਰਹੋ। ਬਾਈਬਲ ਵਿਚ ਆਤਮਾ ਦਾ ਅਤੇ ਨਾਂਅ ਵੀ ਨਹੀਂ ਦੱਸਿਆ ਗਿਆ। ਉਹ ਖ਼ੁਦਾਈ ਦਾ ''ਪਰਦੇ ਦੇ ਪਿੱਛੇ'' ਕੰਮ ਕਰਨ ਵਾਲਾ ਮੈਂਬਰ ਹੈ। ਉਹ ਸਿਰਫ਼ ਯਿਸੂ ਦੀ ਵਡਿਆਈ ਕਰਕੇ ਖ਼ੁਦਾ ਨੂੰ ਖੁਸ਼ ਕਰਨ ਦਾ ਕੰਮ ਕਰਦਾ ਹੈ। ਅੱਜ ਉਸ ਨੂੰ ਦਿੱਤੇ ਜਾਣ ਵਾਲੇ ਮਹੱਤਵ ਤੋਂ ਤਾਂ ਪਵਿੱਤਰ ਆਤਮਾ ਦੁਖੀ ਹੀ ਹੋਵੇਗਾ। ਉਨ੍ਹਾਂ ਲੋਕਾਂ ਤੋਂ ਜੋ ਪਵਿੱਤਰ ਆਤਮਾ ਪਾਉਣ ਦਾ ਦਾਅਵਾ ਕਰਦੇ ਹਨ ਪਰ ਕਲਾਮ ਦਾ ਵਿਰੋਧ ਕਰਦੇ ਹਨ, ਹੁਸ਼ਿਆਰ ਰਹੋ। ਪਵਿੱਤਰ ਆਤਮਾ ਨੇ ਬਾਈਬਲ ਨੂੰ ਲਿਖਣ ਦੀ ਪ੍ਰੇਰਣਾ ਦਿੱਤੀ (2 ਪਤਰਸ 1:20, 21) ਇਸ ਲਈ ਉਹ ਕੁਝ ਵੀ ਅਜਿਹਾ ਨਹੀਂ ਕਰੇਗਾ, ਜਿਹੜਾ ਇਸ ਤੋਂ ਘੱਟ ਹੋਵੇ ਜਾਂ ਇਸ ਦੇ ਉਲਟ ਹੋਵੇ। ਅਜਿਹੇ ਕਿਸੇ ਵੀ ਆਦਮੀ ਤੋਂ ਖ਼ਬਰਦਾਰ ਰਹੋ, ਜੋ ਬਾਈਬਲ ਦੇ ਗਹਿਰੇ ਗਿਆਨ ਨੂੰ ਨਜ਼ਰਅੰਦਾਜ਼ ਕਰਕੇ ਆਤਮਾ ਤੋਂ ਕੁਝ ਚਾਹੁੰਦਾ ਹੈ।

(3) *ਬਨਾਵਟੀ ਰੂਹਾਨੀ ਸਮਰੱਥਾ।* ਅੱਜ ਬਹੁਤ ਸਾਰੇ ਲੋਕ ਪਵਿੱਤਰ ਆਤਮਾ ਦੀ ਵਰਤੋਂ ਕਰਕੇ ਜ਼ਬਰਦਸਤ ਸਮਰੱਥਾ ਪਾਉਣ ਦਾ ਦਾਅਵਾ ਕਰਦੇ ਹਨ। ਪੈਸੇ ''ਅਸਮਾਨ ਤੋਂ ਡਿੱਗਦੇ ਹਨ''; ਸਭ ਬੀਮਾਰ ਚੰਗੇ ਹੋ ਜਾਂਦੇ ਹਨ; ਉਹ ਇਕ ਤੋਂ ਬਾਅਦ ਇਕ ਜਿੱਤ ਪਾਉਂਦੇ ਹਨ। ਨਾ ਤਾਂ ਇਹ ਆਤਮਾ ਹੈ ਅਤੇ ਨਾ ਹੀ ਜੀਵਨ। ਦੁਆ ਤਾਂ ਬੇਬਸ ਲੋਕਾਂ ਲਈ ਹੈ। ਇਸ ਲਈ ਸੱਚੀ ਦੁਆ ਅਸੁਭਾਵਿਕ ਹੁੰਦੀ ਹੈ। ਜੇ ਤੁਸੀਂ ਆਤਮਾ ਦੇ ਨਾਲ ਆਪਣੀ ਤਾਰੀਫ਼ ਚਾਹੁੰਦੇ ਹੋ, ਤਾਂ ਤੁਸੀਂ ਗਲਤ ਹੋ ਨਿੱਜੀ ਤੌਰ ਤੇ ਮੋਅਜਜ਼ੇ ਕਰਨ ਦੀ ਇੱਛਾ ਰੱਖਣਾ, ਨਿੱਜੀ ਤੌਰ ਤੇ ਸ਼ਕਤੀ ਪਾਉਣਾ, ਆਤਮਾ ਨੂੰ ''ਮੈਨੂੰ ਲੋਕਾਂ ਦੇ ਸਾਹਮਣੇ ਚੰਗਾ'' ਵਿਖਾਉਣ ਲਈ ਵਰਤਣਾ ਗ਼ਲਤ ਹੈ। ਪੌਲੁਸ ਸਾਨੂੰ ''ਆਤਮਾ ਨਾਲ ਭਰਪੂਰ'' ਹੋਣ ਦਾ ਹੁਕਮ ਦਿੰਦਾ ਹੈ (ਅਫ਼ਸੀਆਂ 5:18)। ਸਾਨੂੰ ''ਆਤਮਾ ਦਾ ਬਪਤਿਸਮਾ'' ਲੈਣ ਦਾ ਹੁਕਮ ਕਿਤੇ ਨਹੀਂ ਦਿੱਤਾ ਗਿਆ। ''ਆਤਮਾ ਦਾ ਵਾਸ'' ਜਾਂ ''ਆਤਮਾ ਦਾ ਦਾਨ'' ਪਾਉਣ ਲਈ ਸਾਨੂੰ ''ਆਤਮਾ ਨਾਲ ਭਰਪੂਰ'' ਹੋਣ ਲਈ ਕਿਹਾ ਗਿਆ ਹੈ। ਇਹ ਇਕ ਹੁਕਮ ਹੈ, ਜਿਸ ਨੂੰ ਮੰਨਣਾ ਜ਼ਰੂਰੀ ਹੈ। ਇਹ ਹੁਕਮ ਦੇ ਤੌਰ ਤੇ ਹੈ ਕਿ ''ਆਤਮਾ ਨਾਲ ਭਰਪੂਰ'' ਹੋ ਜਾਓ। ਦੂਜੇ ਸ਼ਬਦਾਂ ਵਿਚ, ਅਸੀਂ ਆਪਣੇ ਆਪ ਨੂੰ ਆਤਮਾ ਵਿਚ ਇਵੇਂ ਭਰਪੂਰ ਨਹੀਂ ਕਰ ਸਕਦੇ ਜਿਵੇਂ ਗਲਾਸ ਜਾਂ ਬਾਲਟੀ

ਨੂੰ ਭਰਿਆ ਜਾਂਦਾ ਹੈ। ਪਵਿੱਤਰ ਆਤਮਾ ਸਾਡੇ ਵਿਚ ਵਾਸ ਕਰਦਾ ਹੈ। ਜਦ ਅਸੀਂ ਆਪਣਾ ਸੁਆਰਥ ਤਿਆਗਦੇ ਹਾਂ, ਤਾਂ ਆਤਮਾ ਨੂੰ ਬਰਕਤ ਦੇਣ ਦੀ ਇਜਾਜ਼ਤ ਦਿੰਦੇ ਹਾਂ। ਅਸੀਂ ਆਪਣੇ ਆਪ ਨੂੰ ਜਾਂ ਤਾਂ ਸ਼ੈਤਾਨ ਦੇ ਹਵਾਲੇ ਕਰ ਸਕਦੇ ਹਾਂ ਜਾਂ ਫਿਰ ਆਤਮਾ ਦੇ।

(4) *ਗਲਤ ਅਰਥਾਤ ਬਚਕਾਨੀਆਂ ਹਰਕਤਾਂ।* ਗ਼ਲਤ ਧਾਰਨਾਵਾਂ ਅਤੇ ਬਚਕਾਨੀਆਂ ਭਾਵਨਾਵਾਂ ਵਾਲੇ ਮਸੀਹੀ ਲੋਕ ਰੂਹਾਨੀ ਨਹੀਂ, ਸਰੀਰਕ ਹਨ (1 ਕੁਰਿੰਥੀਆਂ 3)। ਆਤਮਾ ਦੂਰ ਅਰਥਾਤ ਬਚਕਾਨੀਆਂ ਉਲਝਣਾਂ ਨਾਲ ਭਰਿਆ ਹੋਇਆ ਨਹੀਂ ਹੈ। ਯਿਸੂ ਨੇ ਕਿਹਾ ਸੀ ਕਿ ਆਤਮਾ ਰਸੂਲਾਂ ਨੂੰ ਸਾਰੀ ਸੱਚਾਈ ਸਿਖਾਵੇਗਾ (ਯੂਹੰਨਾ 13–17)। ਇਸੇ ਲਈ ਵਚਨ ਨਾਲ ਸੰਸਾਰ ਨੂੰ ਪਾਪ, ਧਾਰਮਿਕਤਾ ਅਤੇ ਨਿਆਂ ਦੇ ਵਿਖੇ ਕਾਇਲ ਕੀਤਾ ਜਾਂਦਾ ਹੈ (ਯੂਹੰਨਾ 16:7–11)। ਜੋ ਕੰਮ ਯਿਸੂ ਰਸੂਲਾਂ ਲਈ ਕਰਦਾ ਸੀ, ਉਹੀ ਪਵਿੱਤਰ ਆਤਮਾ ਸਾਡੇ ਵਾਸਤੇ ਕਰਦਾ ਹੈ। ਪਵਿੱਤਰਤਾਈ ਸਿਰਫ਼ ਮਨ ਦੇ ਨਵਾਂ ਬਣਨ ਤੇ ਹੀ ਆਉਂਦੀ ਹੈ (ਰੋਮੀਆਂ 12:1, 2), ਵੱਡੇ ਵੱਡੇ ਸਟਿੱਕਰਾਂ ਤੇ ਲਿਖਿਆ ਹੁੰਦਾ ਹੈ, ''ਯਿਸੂ ਹੀ ਜਵਾਬ ਹੈ।'' ਕੋਈ ਪੁੱਛੇ ਕਿ ਭਲਾ *ਕਿਸ ਗੱਲ ਦਾ ਜਵਾਬ ਹੈ?* ਯਿਸੂ ਨੇ ਸਿਰਫ਼ ''ਰਾਹ ਸਚਿਆਈ ਅਤੇ ਜੀਉਣ'' ਹੋਣ ਦਾ ਦਾਅਵਾ ਕੀਤਾ ਹੈ (ਯੂਹੰਨਾ 14:6)।

ਬਾਈਬਲ ਖ਼ੁਦਾ ਦਾ ਇਖ਼ਤਿਆਰੀ ਵਚਨ ਹੈ। ਸਾਨੂੰ ਇਸ ਸੱਚਾਈ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਬਾਈਬਲ ਮੇਰੇ ਰਹਿਮ ਤੇ ਨਹੀਂ ਹੈ। ਇਹ ਕਹਿਣਾ ਗ਼ਲਤ ਹੈ ਕਿ ''ਬਾਈਬਲ ਮੈਨੂੰ ਕਹਿੰਦੀ ਹੈ।'' ''ਬਾਈਬਲ ਕਹਿੰਦੀ ਹੈ''–*ਬੱਸ ਇਸ ਤੋਂ ਅੱਗੇ ਕੁਝ ਨਹੀਂ।* ਖ਼ੁਦਾ ਦੀ ਕਲੀਸੀਆ ਕੋਈ ਸਰਕਸ ਨਹੀਂ ਹੈ। ਆਤਮਾ ਕਰਤਬ ਨਹੀਂ ਵਿਖਾਉਂਦਾ ਹੈ। ਨਿੱਜੀ ਤਜਰਬਿਆਂ ਨੂੰ ਭਾਵੇਂ ਉਹ ਕਿੰਨੇ ਵੀ ਕੀਮਤੀ ਕਿਉਂ ਨਾ ਹੋਣ, ਬਾਈਬਲ ਨਾਲ ਨਹੀਂ ਮਿਲਾਇਆ ਜਾਂਦਾ। ਇਹ ਮੁਕੰਮਲ ਅਤੇ ਅੰਤਮ ਇਖ਼ਤਿਆਰ ਹੈ

(5) *ਬਨਾਵਟੀ ਸਮਰਥਾ।* ਆਤਮਾ ਸਾਡੀ ਸਮਰਥਾ ਹੈ, ਪਰ ਇਸ ਪ੍ਰਕਾਰ ਜੋਰ ਦੇਣ ਤੇ ਇਸ ਦਾ ਦੁਰਵਰਤੋਂ ਹੋ ਸਕਦੀ ਹੈ। ਆਪਣੇ ਲਈ ਸਮਰਥਾ ਦੀ ਇੱਛਾ ਰੱਖਣਾ ਜਾਦੂ ਦਾ ਕੰਮ ਕਰਨਾ ਹੈ। ਜਾਦੂ ਜਾਂ ਜਾਦੂਗਰੀ ਗ਼ਲਤ ਹੈ; ਕਿਉਂਕਿ ਜਾਦੂਗਰ ਸ਼ਕਤੀ ਦੇਣ ਵਾਲੇ ਆਦਮੀ ਦੇ ਬਿਨਾਂ ਹੀ ਬੇਹੱਦ ਸ਼ਕਤੀ ਦੀ ਇੱਛਾ ਕਰਦਾ ਹੈ। ਖ਼ੁਦਾ ਨਾਲ ਨਿੱਜੀ ਸਬੰਧ ਤੋਂ ਬਿਨਾਂ ਸਮਰਥਾ ਜਾਂ ਸ਼ਕਤੀ ਪਾਉਣਾ ਗ਼ਲਤ ਹੈ। ਆਤਮਾ ਇਕ ਆਦਮੀ ਹੈ; ਉਸਨੂੰ ਵਿਖਾਵਾ ਜਾਂ ਐਕਟਿੰਗ ਨਹੀਂ ਬਨਾਉਣਾ ਚਾਹੀਦਾ।

## ਤੱਥ, ਤੱਥ, ਅਤੇ ਹੋਰ ਤੱਥ

ਤਿੰਨ ਕਾਰਨਾਂ ਨਾਲ ਅਸੀਂ ''ਆਤਮਾ ਵਿਚ'' ਦੁਆ ਕਰਦੇ ਹਾਂ:

(1) ਇਹ ਦੁਆ ਦੇ ਮਸ਼ੀਨੀਕਰਨ ਤੋਂ ਉੱਪਰ ਉਠਾਉਂਦਾ ਹੈ। ''ਧਰਮ ਵਿਚ ਵਿਦਵਾਨ'' ਹੋਣ ਦੇ ਬਾਵਜੂਦ ਵੀ ਅਸੀਂ ''ਆਤਮਾ ਵਿਚ ਮਰੇ ਹੋਏ'' ਹੋ ਸਕਦਾ ਹਾਂ। ਦੁਆ ਇੰਨੀ ਵੱਡੀ ਗੱਲ ਹੈ ਕਿ ਬਾਪ ਨੂੰ ਇਹ ਜ਼ਾਹਿਰ ਕਰਨਾ, ਪੁੱਤਰ ਨੂੰ ਇਸ ਨੂੰ ਵਿਹਾਰ ਵਿਚ ਲਿਆਉਣ ਲਈ ਕੰਮ ਕਰਨਾ ਪਿਆ। ਪ੍ਰਾਰਥਨਾ ਜਾਂ ਤਾਂ ਮਸ਼ੀਨ ਦੀ ਤਰ੍ਹਾਂ ਹੈ ਜਾਂ ਰੂਹਾਨੀ, ਪਰ ਇਹ ਦੋਵੇਂ ਨਹੀਂ ਹੋ ਸਕਦਾ।

ਜਦ ਅਸੀਂ ਖ਼ੁਦਾ ਤੋਂ ਅਗਵਾਈ ਮੰਗਦੇ ਹਾਂ ਤਾਂ ਉਹ ਸਿਰਫ਼ ਇੰਨਾਂ ਹੀ ਆਖਦਾ ਹੈ, ''ਮੈਨੂੰ ਆਪਣੀ ਜ਼ਿੰਦਗੀ ਦੇ ਦੇ।'' ਇਹੀ ਸੱਚ ਹੈ, ਤਰਜੀਹ ਹੈ। ਖ਼ੁਦਾ ਸਾਨੂੰ ਅਲਹਿਦਾ ਤੋਂ ਭਾਵ ਵਿਸ਼ੇਸ਼ ਮੁੱਦਿਆਂ ਵਿਚ ਅਗਵਾਈ ਨਹੀਂ ਦੇਣਾ ਚਾਹੁੰਦਾ। ਖ਼ੁਦਾ ਸਾਡੀ ਜ਼ਿੰਦਗੀ ਮੰਗਦਾ ਹੈ। ਖਾਸ ਖੇਤਰਾਂ ਵਿਚ ਪੂਰੀ ਜ਼ਿੰਦਗੀ ਦੇਣ ਤੋਂ ਇਨਕਾਰ ਕਰਦੇ ਹਾਂ।

ਕਿਸੇ ਕਾਨੂੰਨ ਦੀ ਬੁਨਿਆਦ ਦੀ ਵਿਆਖਿਆ ਨੂੰ ਨਜ਼ਰਅੰਦਾਜ਼ ਕਰਕੇ ਉਸ ਦੀ ਸ਼ਬਦੀ ਮਰਿਆਦਾ ਨੂੰ ਕਾਇਮ ਰੱਖਣਾ ਅਸਾਨ ਹੁੰਦਾ ਹੈ। ਕਈ ਲੋਕ ਤਾਂ ''ਸ਼ੈਤਾਨ ਨਾਲੋਂ ਬਹੁਤਾ ਪਵਿੱਤਰ ਆਤਮਾ ਤੋਂ ਡਰਦੇ'' ਹਨ। ਰੂਹਾਨੀ ਦੁਆਵਾਂ ਲਈ ਵਿਚਾਰ ਕਰਨਾ ਅਤੇ ਗਹਿਰਾਈ ਤਕ ਸੋਚਣਾ ਜ਼ਰੂਰੀ ਹੁੰਦਾ ਹੈ। ਬਹੁਤ ਸਾਰੇ ਲੋਕ ਤਾਂ ''ਫੌਰੀ ਜਵਾਬ'' ਪਸੰਦ ਕਰਦੇ ਹਨ। ਵਿਚਾਰ ਲਈ ਫ਼ੈਸਲਾ ਲੈਣਾ ਜ਼ਰੂਰੀ

ਹੈ। ਡੂੰਘਿਆਈ ਤਕ ਜਾਣ ਲਈ ਤਜੁਰਬਾ ਜ਼ਰੂਰੀ ਹੈ। ਸਾਡੇ ਵਿੱਚੋਂ ਬਹੁਤ ਘੱਟ ਲੋਕ ਹੀ ਇਨੀ ਦੂਰ ਪਹੁੰਚੇ ਹਨ। ਜਜ਼ਬਾ ਤਾਂ ਕਲਾਮ ਦੇ ਮੁਤਾਬਕ ਹੈ ਪਰ ਜਜ਼ਬਾਤੀ ਹੋਣਾ ਨਹੀਂ। ਸਾਨੂੰ ਭਾਵਨਾ ਤੋਂ ਕਦੀ ਨਹੀਂ ਡਰਨਾ ਚਾਹੀਦਾ। ਆਤਮਾ ਵਿਚ ਦੁਆ ਕਰਨਾ ਸਾਨੂੰ ਤਕਨੀਕੀ ਦੁਆਵਾਂ ਨਾਲੋਂ ਵੱਧ ਨਿੱਜੀ ਰੂਹਾਨੀਅਤ ਵੱਲ ਲੈ ਜਾਂਦਾ ਹੈ।

(2) ਸਾਨੂੰ ਪਤਾ ਨਹੀਂ ਹੁੰਦਾ ਕਿ ਦੁਆ ਕਿਵੇਂ ਕਰਨੀ ਚਾਹੀਦੀ ਹੈ (ਰੋਮੀਆਂ 8:26)। ਜਿਵੇਂ–ਜਿਵੇਂ ਮੈਂ ਬੁੱਢਾ ਹੋ ਰਿਹਾ ਹਾਂ, ਤਿਵੇਂ ਤਿਵੇਂ ਮੈਨੂੰ ਪਤਾ ਲਗ ਰਿਹਾ ਹੈ ਕਿ ਮੈਨੂੰ ਬਹੁਤ ਘੱਟ ਗਿਆਨ ਹੈ। ਜਦ ਮੈਂ ਜਵਾਨ ਸੀ ਤਾਂ ਮੈਨੂੰ ਅਜਿਹੀ ਕੋਈ ਸਮਝ ਨਹੀਂ ਸੀ; ਪਰ ਮੈਨੂੰ ਅਹਿਸਾਸ ਨਹੀਂ ਸੀ। ਹੁਣ ਜਿਉਂ ਜਿਉਂ ਬੁੱਢਾ ਹੋ ਰਿਹਾ ਹਾਂ ਤਿਵੇਂ ਤਿਵੇਂ ਮੈਨੂੰ ਪਤਾ ਲਗ ਰਿਹਾ ਹੈ ਕਿ ਮੈਨੂੰ ਕਿੰਨਾ ਘੱਟ ਪਤਾ ਹੈ। ਪਵਿੱਤਰ ਆਤਮਾ ਸਾਡੀਆਂ ਕਮਜ਼ੋਰੀਆਂ ਵਿਚ ਸਾਡੀ ਮਦਦ ਕਰਦਾ ਹੈ। ਰੋਮੀਆਂ 8 ਅਧਿਆਇ ਫ਼ਤਹਿਮੰਦ ਮਸੀਹੀ ਜ਼ਿੰਦਗੀ ਬਾਰੇ ਹੈ। ਇਸ ਦਾ ਮਾਧਿਅਮ ਦਾ ਆਤਮਾ ਹੀ ਹੈ। ਰੋਮੀਆਂ 8 ਅਧਿਆਇ ਸਾਨੂੰ ਦੱਸਦਾ ਹੈ ਕਿ ਆਤਮਾ ਸਾਡੀਆਂ ਵਿਚ ਪੂਰੀ ਤਰ੍ਹਾਂ ਨਾਲ ਸ਼ਾਮਿਲ ਹੈ। ਇਸ ਦਾ ਅਰਥ ਹੈ ਕਿ ਉਹ ਸਾਡੀਆਂ ਦੁਆਵਾਂ ਵਿਚ ਸਾਡੇ ਨਾਲ ਹੈ। ਅਸੀਂ ਆਤਮਾ ਵਿਚ ਮਸੀਹ ਦੇ ਇਖ਼ਤਿਆਰ ਨਾਲ ਖ਼ੁਦਾ ਅੱਗੇ ਦੁਆ ਕਰਦੇ ਹਾਂ। ਰੋਮੀਆਂ 8 ਸਾਨੂੰ ਸਿਖਾਉਂਦਾ ਹੈ ਕਿ ਆਤਮਾ ਦਾ ਮੁੱਖ ਕੰਮ ਸਾਡੇ ਵਿਚ ਬਦਲਾਅ ਲਿਆਉਣਾ ਹੈ। ਸਲੀਬ ਦੇ ਸਮੇਂ ਡਰ ਕੇ ਲੁਕਣ ਵਾਲੇ ਰਸੂਲ ਪਿੰਤੇਕੁਸਤ ਦੇ ਦਿਨ ਦਹਾੜਨ ਵਾਲੇ ਸ਼ੇਰ ਬਣ ਗਏ ਸਨ। ਉਨ੍ਹਾਂ ਵਿਚ ਇਹ ਫ਼ਰਕ ‘‘ਸਕਾਰਾਤਮਕ ਸੋਚ’’ ਜਾਂ ‘‘ਚੰਗੇ ਮਾਹੌਲ’’ ਕਰਕੇ ਨਹੀਂ ਆਇਆ ਸੀ। ਇਹ ਬਦਲਾਅ ਤਾਂ ਆਤਮਾ ਨੇ ਲਿਆਂਦਾ ਸੀ। ਆਤਮਾ ਨੇ ਉਨ੍ਹਾਂ ਨੂੰ ਬਦਲ ਦਿੱਤਾ ਸੀ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਵਿੱਚੋਂ ਬਹੁਤੇ ਲੋਕਾਂ ਦੇ ਜੀਵਨ ਵਿਚ ਬਹੁਤ ਘੱਟ ਪਰਿਵਰਤਨਸ਼ੀਲ ਜਾਂ ਅਨੰਦ ਹੁੰਦਾ ਹੈ। ਆਤਮਾ ਆਪਣੇ ਵਚਨ ਦੇ ਰਾਹੀਂ ਦਲੇਰ ਕਰਕੇ ਸਾਨੂੰ ਅਨੰਦ ਦਿੰਦਾ ਹੈ। ਅਸੀਂ ‘‘ਖ਼ੁਦਾ ਦੀ ਸੰਤਾਨ’’ ਹਾਂ; ਇਸ ਲਈ ਸਾਨੂੰ ਯਤੀਮਾਂ ਵਾਂਗ ਨਹੀਂ ਰਹਿਣਾ ਚਾਹੀਦਾ। ਆਤਮਾ ਨਾਲ ਭਰਪੂਰ ਜੀਵਨ ਲੋਕਾਂ ਦੇ ਜੀਵਨਾਂ ਵਿਚ ਅਤੇ ਉਨ੍ਹਾਂ ਦੇ ਘਰਾਂ ਵਿਚ ਬਦਲਾਅ ਲੈ ਆਉਣਗੇ।

(3) ਪਵਿੱਤਰ ਆਤਮਾ ਸਾਡੇ ਲਈ ਫਰਿਆਦ ਕਰਦਾ ਹੈ ਰੋਮੀਆਂ 8:26, 27 ਕਹਿੰਦਾ ਹੈ:

> ਇਸ ਤਰਾਂ ਆਤਮਾ ਵੀ ਸਾਡੀ ਦੁਰਬਲਤਾਈ ਵਿਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਉਕੇ ਭਰ ਭਰ ਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ। ਅਤੇ ਹਿਰਦਿਆਂ ਦਾ ਜਾਚਣ ਵਾਲਾ ਜਾਣਦਾ ਹੈ ਭਈ ਆਤਮਾ ਦੀ ਕੀ ਮਨਸ਼ਾ ਹੈ ਕਿਉਂ ਜੋ ਉਹ ਪਰਮੇਸ਼ੁਰ ਦੀ ਇੱਛਿਆ ਦੇ ਅਨੁਸਾਰ ਸੰਤਾਂ ਲਈ ਸਿਫ਼ਾਰਸ਼ ਕਰਦਾ ਹੈ।

ਇਹ ਗੱਲ ਮੁਸ਼ਕਿਲ ਹੈ, ਪਰ ਇਸ ਨਾਲ ਉਲਝਣ ਦੀ ਕੀ ਲੋੜ ਹੈ? ਇਸ ਨੂੰ ਟਾਲਣ ਦੀ ਕੀ ਲੋੜ ਹੈ? ਆਤਮਾ ਬੇਨਤੀ ਕਰਦਾ ਹੈ ਕਿ ਖ਼ੁਦਾ ਤੇ ਮਨੁੱਖ ਦਰਮਿਆਨ ਵਿਚੋਲਾ ਸਿਰਫ਼ ਯਿਸੂ ਹੈ (1 ਤਿਮੋਥਿਉਸ 2:5)। ਪਰ ਜੇ ਮਸੀਹੀ ਲੋਕ ਇਕ ਦੂਜੇ ਲਈ ਬੇਨਤੀ ਕਰ ਸਕਦੇ ਹਨ ਤਾਂ ਆਤਮਾ ਕਿਉਂ ਨਹੀਂ ਕਰ ਸਕਦਾ? ਕਈ ਸਾਲ ਪਹਿਲਾਂ ਕਿਸੇ ਨੇ ਖ਼ਿਆਲ ਜਤਾਇਆ ਕਿ ਆਤਮਾ ਦੇ ਬਿਨਾਂ ਹੀ, ਮਸੀਹੀ ਲੋਕ ‘‘ਬਚਾਏ ਹੋਏ, ਪਵਿੱਤਰ ਕੀਤੇ ਹੋਏ, ਰਸੂਲ ਬਣਾਏ ਹੋਏ, ਅਤੇ ਮਜ਼ਬੂਤ ਕੀਤੇ ਹੋਏ ਹਨ।’’ ਕਿੰਨੀ ਦਰਦਨਾਕ ਗੱਲ ਹੈ। ਯਿਸੂ ਸਾਡੇ ਲਈ ਵਿਚੋਲਗੀ ਕਰਦਾ ਹੈ। ਆਤਮਾ ਸਾਡੇ ਲਈ ਇੰਨੇ ਜ਼ੋਰਦਾਰ ਢੰਗ ਨਾਲ ਬੇਨਤੀ ਕਰਦਾ ਹੈ ਕਿ ਉਸ ਦਾ ਬਿਆਨ ਕਰਨਾ ਮੁਸ਼ਕਿਲ ਹੈ। ਕਿੰਨਾ ਅਜੀਬ ਖ਼ੁਦਾ ਹੈ। ਕਿੰਨਾ ਨਿਰਾਲਾ ਮੁਕਤੀਦਾਤਾ। ਕਿੰਨਾ ਅਦਭੁਤ ਆਤਮਾ ਹੈ।

## ਬਨਾਵਟੀ ਇਖ਼ਤਿਆਰ

ਮਸੀਹੀਅਤ ਵਿਚ ਵਾਸਤਵਿਕ ਅਤੇ ਬਨਾਵਟੀ ਦੋਵੇਂ ਇਖ਼ਤਿਆਰ ਪਾਏ ਜਾਂਦੇ ਹਨ। ਬਾਈਬਲ ਖ਼ੁਦਾ ਦਾ ਵਾਸਤਵਿਕ ਇਖ਼ਤਿਆਰ ਹੈ। ''ਯਹੋਵਾ ਇਉਂ ਫ਼ਰਮਾਉਂਦਾ ਹੈ।'' ਭਰੋਸਾ ਰੱਖ ਕੇ ਹੁਕਮ ਮੰਨਣਾ। ਪਰ ਅਸੀਂ ਬਨਾਵਟੀ ਨੂੰ ਨਜਰਅੰਦਾਜ਼ ਕਰਨ ਲਈ ਵਾਸਤਵਿਕ ਤੇ ਜ਼ੋਰ ਦਿੰਦੇ ਹਾਂ। ਬਾਈਬਲ ਸਾਡਾ ਅੰਤਮ ਧਾਰਮਿਕ ਇਖ਼ਤਿਆਰ ਹੈ। ਪਰ ਬਾਈਬਲ ਦੇ ਬਹੁਤ ਸਾਰੇ ਸਿਧਾਂਤ ਬਨਾਵਟੀ ਹਨ। ਬੁੱਧ ਅਵਾਸਤਵਿਕ ਹੈ। ਉਪਾਅ ਅਵਾਸਤਵਿਕ ਹੈ। ਵਿਵੇਕ ਅਵਾਸਤਵਿਕ ਹੈ। ਇਕ ਮਸੀਹੀ ਦਾ ਦੂਜੇ ਮਸੀਹੀ ਨਾਲੋਂ ''ਮੂਰਤੀਆਂ ਅੱਗੇ ਚੜ੍ਹਾਏ ਖਾਣੇ'' ਤੇ ਵਿਚਾਰ ਫ਼ਰਕ ਹੋ ਸਕਦਾ ਹੈ। ਸਾਨੂੰ ਚਾਹੀਦਾ ਹੈ ਕਿ ਵਾਸਤਵਿਕ ਦੇ ਨਾਲ ਅਵਾਸਤਵਿਕ ਨੂੰ ਨਾ ਉਲਝਾਈਏ। ਸਾਨੂੰ ਅਵਾਸਤਵਿਕ ਇਖ਼ਤਿਆਰ ਨੂੰ ਮਨੁੱਖ ਦੇ ਵਿਚਾਰ, ਵਹਿਮ ਜਾਂ ਭਾਵਨਾਵਾਂ ਨਾਲ ਕਦੀ ਵੀ ਨਹੀਂ ਉਲਝਾਉਣਾ ਚਾਹੀਦਾ। ਅਵਾਸਤਵਿਕ ਇਖ਼ਤਿਆਰ ਹੈ ਇਖ਼ਤਿਆਰ ਹੀ (ਰੋਮੀਆਂ 14:23)। ਅਵਾਸਤਵਿਕ ਇਖ਼ਤਿਆਰ ਸਾਡਾ ਸੁਆਰਥ ਨਹੀਂ ਦੁਨੀਆਦਾਰੀ ਇਕ ਨਕਾਰਾਤਮਕ ਅਵਾਸਤਵਿਕਤਾ ਹੈ।

ਅਵਾਸਵਿਕਤਾ ਹੋਣ ਕਰਕੇ ਦੁਆ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ। ਬੁੱਧ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ। ਗੁਮਰਾਹ ਲੋਕਾਂ ਦੇ ਵੱਡੇ ਵੱਡੇ ਦਾਅਵਿਆਂ ਤੋਂ ਖ਼ਬਰਦਾਰ ਰਹੋ। ਅਵਾਸਤਵਿਕ ਤੋਂ ਸਾਵਧਾਨ ਰਹੋ। ਅਗਵਾਈ ਅਵਾਸਤਵਿਕ ਹੈ। ਖ਼ੁਦਾ ਬਲੈਕ ਬੋਰਡ ਲੈ ਕੇ ਸਾਡੇ ਸਵਾਲਾਂ ਦਾ ਜਵਾਬ ਦੇਣ ਨਹੀਂ ਆਉਂਦਾ। ਬਾਈਬਲ ਸਾਨੂੰ ਅਨੰਦ ਸਿਧਾਂਤ ਸਿਖਾਉਂਦੀ ਹੈ। ਸੁਭਾਅ ਸਾਨੂੰ ਉੱਚੇ ਸੰਸਕਾਰ ਮੁਹੱਈਆ ਕਰਦਾ ਹੈ ... ਫਿਰ ਸਾਨੂੰ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ''ਖ਼ੁਦਾ ਨੂੰ ਪੁੱਤਰਾਂ ਦੀ ਲੋੜ ਹੈ, ਰੋਬੋਰਟਾਂ ਦੀ ਨਹੀਂ। ਖ਼ੁਦਾ ਨੂੰ ਸਿਆਣੇ ਲੋਕ ਚਾਹੀਦੇ ਹਨ ਬੱਚੇ ਨਹੀਂ।'' ''ਇਕੱਠੀਆਂ'' ਕੀਤੀਆਂ ਹੋਈਆਂ ਮੁਸ਼ਕਿਲਾਂ ਦਾ ''ਫੌਰੀ'' ਜਵਾਬ ਵਾਲੀ ਕੋਈ ਅਸਾਨ ਨਿਅਮ ਕਿਤਾਬ ਨਹੀਂ ਹੈ। ਖ਼ੁਦਾ ਚਾਹੁੰਦਾ ਹੈ ਕਿ ਅਸੀਂ ਜ਼ਿੰਮੇਵਾਰ ਲੋਕ ਬਣੀਏ। ਖ਼ੁਦਾ ਸਾਨੂੰ ਸਿਆਣੇ ਹੋਏ ਵੇਖਣਾ ਚਾਹੁੰਦਾ ਹੈ। ਖ਼ੁਦਾ ਸਾਨੂੰ ਦੱਸਦਾ ਹੈ ਕਿ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ, ਪਰ ਉਹ ਸਪਸ਼ਟ ਕੰਮ ਨਹੀਂ ਦੱਸਦਾ। ਮਸੀਹੀ ਆਦਮੀ ਨੂੰ ਕਿਹੋ ਜਿਹੀ ਜ਼ਿੰਦਗੀ ਲੋੜੀਂਦੀ ਹੈ, ਖ਼ੁਦਾ ਇਸ ਗੱਲ ਦੀ ਸਮਝ ਸਾਨੂੰ ਦਿੰਦਾ ਹੈ, ਪਰ ਉਹ ਕੌਣ ਹੋਵੇਗਾ ਉਸ ਦਾ ਨਾਂਅ ਨਹੀਂ ਦੱਸਦਾ। ਅਸੀਂ ਬਾਈਬਲ ਦਾ ਅਧਿਐਨ ਖ਼ੁਦਾ ਦੇ ਮਨ ਅਤੇ ਮਰਜ਼ੀ ਨੂੰ ਜਾਣਨ ਲਈ ਕਰਦੇ ਹਾਂ। ਉਸ ਨੂੰ ਲਾਗੂ ਕਰਨ ਲਈ ਅਸੀਂ ਸਮਝ ਲਈ ਖੁਦਾ ਤੋਂ ਦੁਆ ਕਰਦੇ ਹਾਂ। ਦੁਆ ਵਿਚ ਆਤਮਾ ਦੀ ਗੱਲ ਕੁਝ ਵੀ ਅਨੋਖੀ ਜਾਂ ਉਲਝਣ ਵਾਲੀ ਨਹੀਂ ਹੈ।

ਅਸੀਂ ਖ਼ੁਦਾ ਦੀ ਬੰਦਗੀ ਆਤਮਾ ਨਾਲ ਕਰਦੇ ਹਾਂ (ਯੂਹੰਨਾ 4:23, 24)। ਸੁਰਗ ਤਕ ਪਹੁੰਚਣ ਦੀ ਮਨੁੱਖ ਦੀ ਸਭ ਤੋਂ ਵੱਡੀ ਉਚਿਆਈ ਗੋਡਿਆਂ ਭਾਰ ਝੁਕਣਾ ਹੀ ਹੈ। ਬੰਦਗੀ ਸਿਰਫ਼ ਆਤਮਾ ਨਾਲ ਭਰਪੂਰ ਮਸੀਹੀ ਹੀ ਕਰ ਸਕਦੇ ਹਨ (ਅਫ਼ਸੀਆਂ 5:18)। ਰੋਮੀਆਂ 8 ਅਧਿਆਇ ਖ਼ੁਦਾ ਦੇ ਫ਼ਜ਼ਲ ਤੇ ਅਧਾਰਿਤ ਇਕ ਮਹਾਨ ਅਧਿਆਇ ਹੈ ਜਿਸ ਵਿਚ ਮੁੱਖ ਕਿਰਦਾਰ ਪਵਿੱਤਰ ਆਤਮਾ ਹੈ (ਵੇਖੋ ਮੱਤੀ 7:11; ਲੂਕਾ 11:13)। ਪਵਿੱਤਰ ਆਤਮਾ ਖ਼ੁਦਾ ਦੀਆਂ ਬਰਕਤਾਂ ਨੂੰ ਵੰਡਣ ਵਾਲਾ ਵਸੀਲਾ ਹੈ। ਜਦ ਦੁਆ ਕਰਨਾ ਸਭ ਤੋਂ ਮੁਸ਼ਕਿਲ ਹੋਵੇ, *ਤਾਂ ਪੂਰਾ ਜ਼ੋਰ ਲਾ ਕੇ ਦੁਆ ਕਰੋ।*

**"ਹੇ ਪ੍ਰਭੂ, ਮੇਰਾ ਯਕੀਨ ਦੁਆ ਵਿਚ ਨਹੀਂ ਹੈ। ਮੇਰਾ ਯਕੀਨ ਤੇਰੇ ਉੱਤੇ ਹੈ। ਮੈਨੂੰ ਯਕੀਨ ਨਾਲ ਦੁਆ ਕਰਨੀ ਸਿਖਾ ਦੇ।"**